1242

**ਡਾਇਰੈਕਟੋਰੇਟ ਆਫ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ – 8, ਮੋਹਾਲੀ**
**(ਗ੍ਰਾਂਟ ਸ਼ਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ ਰਾਜ।

2023 45056
22/3/2023

ਮੀਮੋ ਨੰ. DPISE-GP20GENL/59/2023-GRANT PENSION-1-DPISE/463983/202382820
ਮਿਤੀ, ਐਸ.ਏ.ਐਸ. ਨਗਰ, 21-03-2023

ਵਿਸ਼ਾ - ਪ੍ਰਾਇਵੇਟ ਸਕੂਲਾਂ ਵੱਲੋਂ ਈ-ਪੰਜਾਬ ਪੋਰਟਲ ਤੇ ਫੀਸਾਂ ਸਬੰਧੀ ਜਾਣਕਾਰੀ ਦੇਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ THE PUNJAB REGULATION OF FEE OF UNAIDED EDUCATIONAL INSTITUTIONS BILL, 2016 ਦੇ ਲੜੀ ਨੰ. 6(2) ਵਿੱਚ ਫੀਸਾਂ ਫਿਕਸ ਕਰਨ ਜਾਂ ਵਧਾਉਣ ਸਬੰਧੀ ਲਿਖਿਆ ਹੋਇਆ ਹੈ ਕਿ :-

*"The fee fixed under sub-section (1), shall be displayed by every Unaided Educational institution at the conspicuous place in the school premises."*

Conspicuous place ਦਾ ਮਤਲਬ ਸਾਲ 2019 ਦੇ ਫੀਸਾਂ ਦੇ ਸੋਧੇ ਹੋਏ ਐਕਟ ਦੇ ਲੜੀ ਨੰ. 2 (ff) ਵਿੱਚ ਲਿਖਿਆ ਹੈ ਕਿ:-

*"Conspicuous place means and includes Notice Board and website of the Unaided Educational Institutions and website of the Department of School Education."*

2.0 ਵਿਭਾਗ ਵੱਲੋਂ ਪ੍ਰਾਈਵੇਟ ਸਕੂਲਾਂ ਨੂੰ ਫੀਸਾਂ ਸਬੰਧੀ ਈ-ਪੰਜਾਬ ਪੋਰਟਲ ਤੇ ਜਾਣਕਾਰੀ ਦੇਣ ਦਾ ਲਿੰਕ ਦਿੱਤਾ ਗਿਆ ਹੈ, ਪਰ ਦੇਖਣ ਵਿੱਚ ਆਇਆ ਹੈ ਕਿ ਜਿਆਦਾਤਰ ਪ੍ਰਾਈਵੇਟ ਸਕੂਲਾਂ ਵੱਲੋਂ ਇਸ ਲਿੰਕ ਤੇ ਫੀਸਾਂ ਸਬੰਧੀ ਕੋਈ ਜਾਣਕਾਰੀ ਸ਼ੋਅ ਨਹੀਂ ਕੀਤੀ ਜਾਂਦੀ।

3.0 ਕਿਉਂ ਜੋ ਹੁਣ ਬੱਚਿਆਂ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ ਅਤੇ ਪ੍ਰਾਇਵੇਟ ਸਕੂਲਾਂ ਦੀਆ ਫੀਸਾਂ ਸਬੰਧੀ ਪੂਰੇ ਪੰਜਾਬ ਤੋਂ ਬਹੁਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਨਵੇਂ ਸੈਸ਼ਨ ਦੌਰਾਨ ਵਿਦਿਆਰਥੀਆਂ/ ਮਾਪਿਆਂ ਦੀ ਸੁਵਿਧਾ ਲਈ ਅਤੇ ਪਬਲਿਕ ਡੋਮੇਨ ਵਿੱਚ ਹਰ ਇੱਕ ਸਕੂਲ ਦੀ ਫਿਕਸਡ ਫੀਸ ਸ਼ੋਅ ਕਰਨ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਫੀਸ ਐਕਟ ਵਿੱਚ ਦਰਜ ਹਦਾਇਤਾਂ ਅਨੁਸਾਰ ਆਪ ਦੇ ਅਧੀਨ ਆਉਂਦੇ ਸਮੂਹ ਪ੍ਰਾਇਵੇਟ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਈ-ਪੰਜਾਬ ਪੋਰਟਲ ਤੇ ਆਪਣੀ (ਸਬੰਧਤ ਸਕੂਲ) ਆਈ.ਡੀ. ਰਾਹੀਂ ਫੀਸਾਂ ਸਬੰਧੀ ਮੁਕੰਮਲ ਜਾਣਕਾਰੀ ਦਰਜ ਕਰਨੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਜਲੰਧਰ।

ਈ-ਮੇਲ ਆਈ.ਡੀ. deose.jalandhar@punjabeducation.gov.in


ਪਿੱਠ ਅੰਕਣ ਨੰ.ਜੀ-2/2023 83536 ਮਿਤੀ ਜਲੰਧਰ:-22.3.2023

1. ਡਾਇਰੈਕਟਰ ਆਫ ਸਕੂਲ ਸਿੱਖਿਆ(ਸੈਕੰਡਰੀ) ਪੰਜਾਬ ਜੀ ਦੇ ਮੀਮੋ ਨੰ. DPISE-GP20GEN/59/2023-GRANT PENSION-1-DPISE/463983/202382820 dated 21.3.2023 ਦਾ ਉਤਾਰਾ ਸਮੂਹ ਪ੍ਰਾਈਵੇਟ ਸਕੂਲ ਜਿਲਾ ਜਲੰਧਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਈ-ਪੋਰਟਲ ਤੇ ਵਿਭਾਗ ਵਲੋ ਫੀਸਾਂ ਦੀ ਜਾਣਕਾਰੀ ਦੇਣ ਦਾ ਲਿੰਕ ਦਿੱਤਾ ਗਿਆ ਹੈ।ਇਸ ਲਿੰਕ ਤੇ ਸਮੂਹ ਪ੍ਰਾਈਵੇਟ ਸਕੂਲ ਫੀਸਾਂ ਸਬੰਧੀ ਮੁਕੰਮਲ ਜਾਣਕਾਰੀ ਦਾ ਵੇਰਵਾ ਤੁਰੰਤ ਦਰਜ/ਅਪਲੋਡ ਕਰਨ।

2. ਜੀ-1 (ਇਸ ਦਫਤਰ ਵਿੱਚ) ਹਦਾਇਤਾਂ ਦੀ ਪਾਲਣਾ ਕਰਾਉਣ ਲਈ।

3. ਜੀ-6 (ਇਸ ਦਫਤਰ ਵਿੱਚ) ਹਦਾਇਤਾਂ ਦੀ ਪਾਲਣਾ ਕਰਾਉਣ ਲਈ।

22/3/2023

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਜਲੰਧਰ